"**ਉਹ ਨੌਂ ਸਾਲ ਦਾ ਸੀ,** ਜਦੋਂ ਉਹ ਪਹਿਲਾਂ ਸਾਡੇ ਕੋਲ ਆਇਆ ਅਤੇ ਉਸ ਲਈ ਇਹ ਬਹੁਤ ਔਖਾ ਸਮਾਂ ਸੀ। ਅਸੀਂ ਬਗੀਚੇ ਵਿਚ ਸਾਂ ਅਤੇ ਮੈਂ ਇਕ ਪੌਦੇ ਦੇ ਨਾਲ ਇਕ ਸੋਟੀ ਗੱਡੀ ਹੋਈ ਸੀ ਅਤੇ ਉਹ ਜਾਨਣਾ ਚਾਹੁੰਦਾ ਸੀ ਕਿਉਂ। ਮੈਂ ਉਸਨੂੰ ਸਮਝਾਇਆ ਕਿ ਸੋਟੀ ਪੌਦੇ ਨੂੰ ਸਿੱਧਾ ਵਧਣ ਵਿਚ ਸਹਾਈ ਹੁੰਦੀ ਹੈ। ਉਹ ਸਮਝਦਾਰ ਸੀ ਅਤੇ ਝੱਟ ਹੀ ਸਮਝ ਗਿਆ। ਕਹਿਣ ਲੱਗਾ ਇਹ ਤੁਹਾਡੇ ਤੇ ਮੇਰੇ ਵਾਂਗ ਹੈ। ਇਹ ਸੋਟੀ ਪੌਦੇ ਨੂੰ ਸਿੱਧਾ ਵਧਣ ਵਿਚ ਤਾਂ ਸਹਾਈ ਹੁੰਦੀ ਹੈ, ਪਰ ਸਾਰੇ ਪਾਸੇ ਨਹੀਂ।"

ਹੋਮਜ਼ ਫਾਰ ਕਿਡਜ਼ ਦੀ ਇਕ
ਲੈ-ਪਾਲਕ ਮਾਂ ਵਲੋਂ

ਨੇੜਤਾ

**ਤੁਸੀਂ** ਇਹ ਸਲਾਹੋਗੇ ਕਿ ਤੁਸੀਂ ਇਕ ਬੱਚੇ ਦੀ ਜਿੰਦਗੀ ਤੇ ਸਾਰੀ ਉਮਰ ਲਈ ਕਿੰਨਾ ਕੁ ਅਸਰ ਪਾਉਂਦੇ ਹੋ

ਕਮਿਊਨਿਟੀ ਨੂੰ ਵਿਲੱਖਣ ਤਰੀਕੇ ਨਾਲ ਕੁਝ ਮੋੜਨਾ ਚਾਹੋਗੇ

ਬੱਚਿਆਂ ਨੂੰ ਪਿਆਰ ਕਰਦੇ ਅਤੇ ਉਨ੍ਹਾਂ ਦੀਆਂ ਜਰੂਰਤਾਂ ਨੂੰ ਸਮਝਦੇ ਹੋ

ਸਹਿਣ-ਸ਼ੀਲ, ਦਿਆਲੂ ਅਤੇ ਖੁਲ੍ਹ-ਦਿਲੇ ਹੋ

ਭਿੰਨਤਾ ਅਤੇ ਵਖਰੇਂਵੇ ਨੂੰ ਅਪਣਾ ਲਉਗੇ

ਸ਼ਕਤੀ ਭਰਪੂਰ, ਚੁਸਤ ਅਤੇ ਹਸਮੁੱਖ ਹੋ

ਚੰਗਾ ਵਾਹਣ ਤੁਹਾਡੇ ਕੋਲ ਹੈ

ਹੋ ਸਕਦਾ ਹੈ ਤੁਹਾਡੇ ਕੋਲ ਬੱਚਿਆਂ ਦੀ ਦੇਖ-ਭਾਲ ਕਰਨ ਦੀ ਟਰੇਨਿੰਗ ਹੋਵੇ ਜਿਸਨੂੰ ਇਕ ਨਵੇਂ ਤਰੀਕੇ ਵਰਤਿਆ ਜਾ ਸਕੇ

**ਸਾਡੇ** ਖਿਆਲ ਵਿਚ ਤੁਸੀਂ ਇਕ ਵਿਲੱਖਣ ਲੈ-ਪਾਲਕ ਮਾਪੇ ਬਣ ਸਕਦੇ ਹੋ

ਇਕ ਭਵਿੱਖ ਲੈ-ਪਾਲੋ

Homes For Kids

1 877 567 KIDS

ਹੋਮਜ਼ ਫਾਰ ਕਿਡਜ਼ ਬੱਚਿਆਂ ਲਈ ਸੇਵਾਵਾਂ ਪ੍ਰਦਾਨ ਕਰਦੀਆਂ ਏਜੰਸੀਆਂ ਦਾ ਇਕ ਤਾਣਾ-ਬਾਣਾ ਹੈ ਜੋ ਕਿ ਜਰੂਰਤਮੰਦ ਬੱਚਿਆਂ ਲਈ ਚੰਗੇ ਲੈ-ਪਾਲਕ ਘਰ ਪ੍ਰਦਾਨ ਕਰਨ ਲਈ ਸਮਰਪਿਤ ਹੈ। www.homesforkids.ca

# ਲੈ-ਪਾਲਕ





ਉਮੀਦ

ਲੈ-ਪਾਲਕ

# ਲੈ-ਪਾਲਕ ਆਤਮ-ਵਿਸ਼ਵਾਸ

**ਸਾਨੂੰ ਹਰ ਰੋਜ ਦੇ ਨਾਇਕਾਂ ਦੀ ਭਾਲ ਹੈ।** ਹੋਮਜ਼ ਫਾਰ ਕਿਡਜ਼ ਬੱਚਿਆਂ ਲਈ ਸੇਵਾਵਾਂ ਪ੍ਰਦਾਨ ਕਰਦੀਆਂ ਏਜੰਸੀਆਂ ਦਾ ਇਕ ਤਾਣਾ-ਬਾਣਾ ਹੈ ਜੋ ਹਰ ਰੋਜ ਦੇ ਨਾਇਕਾਂ, ਕੁਝ ਅਜਿਹੇ ਖਾਸ ਲੋਕਾਂ ਦੀ ਭਾਲ ਵਿਚ ਹਨ-ਜੋ ਬੱਚਿਆਂ ਲਈ ਪਿਆਰ ਅਤੇ ਕਮਿਊਨਿਟੀ ਨੂੰ ਕੁਝ ਵਾਪਿਸ ਮੋੜਨ ਦੀ ਇੱਛਾ ਰੱਖਣ ਦੇ ਨਾਲ ਨਾਲ ਉਤਸ਼ਾਹ, ਵਚਨਬੱਧਤਾ ਅਤੇ ਵਿਲੱਖਣ ਪ੍ਰਤਿਭਾ ਨਾਲ ਇਕ ਬੱਚੇ ਦੀ ਜਿੰਦਗੀ ਵਿਚ ਹਮੇਸ਼ਾਂ ਰਹਿਣ ਵਾਲਾ ਫਰਕ ਪਾ ਸਕਣ।

**ਸਾਨੂੰ ਜਿੰਦਗੀ ਬਦਲਣ ਵਾਲਿਆਂ ਦੀ ਭਾਲ ਹੈ।** ਸਾਡੇ ਬੱਚੇ ਬਹੁਤ ਸਾਰੇ ਅਲੱਗ ਅਲੱਗ ਪਿਛੋਕੜ ਤੋਂ, ਅਤੇ ਨਵ-ਜੰਮੇ ਤੋਂ 18 ਸਾਲ ਦੀ ਉਮਰ ਤੱਕ ਹੁੰਦੇ ਹਨ ਜਿਨ੍ਹਾਂ ਨੂੰ ਕੁਝ ਦਿਨਾਂ, ਹਫਤਿਆਂ ਜਾਂ ਲੰਬੇ ਸਮੇਂ ਲਈ ਲੈ-ਪਾਲਕ ਘਰਾਂ ਦੀ ਲੋੜ ਹੁੰਦੀ ਹੈ। ਜਦਕਿ ਉਨ੍ਹਾਂ ਲਈ ਲੈ-ਪਾਲਕ ਘਰਾਂ ਦੀ ਲੋੜ ਦੇ ਕਈ ਕਾਰਨ ਹੁੰਦੇ ਹਨ, ਜਿਵੇਂ ਮਾਪਿਆਂ ਦੀ ਬੀਮਾਰੀ, ਪਰਿਵਾਰਕ ਤੋੜ-ਵਿਛੋੜਾ, ਦੁਰ-ਵਿਹਾਰ ਅਤੇ ਅਣਗਹਿਲੀ, ਲੈ-ਪਾਲਕ ਬਣਨ ਦਾ ਇਰਾਦਾ ਇਨ੍ਹਾਂ ਚੁਣੌਤੀਆਂ ਨੂੰ ਮਾਤ ਪਾ ਦਿੰਦਾ ਹੈ। ਕਿਉਂਕਿ ਹੋਰ ਕੁਝ ਵੀ ਇਕ ਜਿੰਦਗੀ ਨੂੰ ਇਤਨੀ ਨਾਟਕੀਅਤਾ ਨਾਲ ਨਹੀਂ ਬਦਲਦਾ ਜਿੰਨਾ ਕਿ ਇਕ ਚੰਗੇ ਘਰ ਦੀ ਸਥਿਰਤਾ, ਬਣਤਰ ਅਤੇ ਪਨਾਹ-ਅਤੇ ਸਭ ਤੋਂ ਵੱਧ ਜਿੰਦਗੀ ਬਦਲਣ ਵਾਲੀ ਲੈ-ਪਾਲਕ ਪਰਿਵਾਰ ਦੀ ਸਮਰਪਿਤ ਸ਼ਕਤੀ।



**ਸਾਨੂੰ ਉਨ੍ਹਾਂ ਤੋਹਫਿਆਂ ਦੀ ਲੋੜ ਹੈ ਜੋ ਸਿਰਫ ਤੁਸੀਂ ਹੀ ਦੇ ਸਕਦੇ ਹੋ।** ਸਾਡੇ ਕੋਲ ਲੈ-ਪਾਲਕ ਮਾਪੇ ਜਿੰਦਗੀ ਦੇ ਹਰ ਖੇਤਰ ਵਿਚੋਂ ਆਉਂਦੇ ਹਨ-ਉਹ ਵਿਆਹੇ ਹੋਏ, ਕੁਆਰੇ, ਬਹੁਤ ਦੇਰ ਤੋਂ ਬਣੇ ਹੋਏ ਮਾਪੇ ਜਾਂ ਉਹ ਲੋਕ ਜਿਨ੍ਹਾਂ ਨੂੰ ਬੱਚੇ ਪਾਲਣ ਦਾ ਬਿਲਕੁਲ ਤਜਰਬਾ ਨਹੀਂ। ਕੁਝ ਲੈ-ਪਾਲਕ ਮਾਪੇ ਪੂਰੇ ਵਕਤ ਲਈ ਅਤੇ ਕੁਝ ਅੱਧੇ ਵਕਤ ਲਈ ਹਨ ਪਰ ਸਭ ਦਾ ਵਿਸ਼ਵਾਸ ਹੈ ਜਿਵੇਂ ਕਿ ਇਕ ਲੈ-ਪਾਲਕ ਬਾਪ ਦਾ ਕਹਿਣਾ ਹੈ ਕਿ ਲੈ-ਪਾਲਕ ਬਣਨਾ "ਕਮਿਉਨਿਟੀ ਦੀ ਮੁਢਲੀ ਸੇਵਾ ਕਰਨਾ ਹੈ"। ਉਹ ਜਾਣਦੇ ਹਨ ਕਿ ਲੈ-ਪਾਲਕ ਬਣਨਾ ਮਹੱਤਵਪੂਰਨ ਕੰਮ ਹੈ ਅਤੇ ਉਨ੍ਹਾਂ ਦੀ ਅਗਵਾਈ ਆਉਣ ਵਾਲੀਆਂ ਪੀੜੀਆਂ ਲਈ ਇਕ ਚਾਨਣ-ਮੁਨਾਰਾ ਬਣੇਗੀ। ਇਕ ਲੈ-ਪਾਲਕ ਮਾਂ ਦਾ ਕਹਿਣਾ ਹੈ ਕਿ" ਤੁਸੀਂ ਕਿਸੇ ਦੇ ਪਤੀ ਜਾਂ ਪਤਨੀ ਨੂੰ ਵੱਡਾ ਕਰ ਰਹੇ ਹੋ"। ਅਤੇ ਉਹ ਇਹ ਦੱਸਣਗੇ ਕਿ ਇਕ ਬੱਚੇ ਦੀ ਜਿੰਦਗੀ ਬਦਲਣ ਨਾਲ ਉਸ ਵਿਚ ਸ਼ਾਮਲ ਹੋਰਨਾਂ ਜਿਸ ਵਿਚ ਲੈ-ਪਾਲਕ ਪਰਿਵਾਰ ਵੀ ਸ਼ਾਮਲ ਹੈ, ਵੀ ਬਿਹਤਰ ਬਣਦਾ ਹੈ ਜਿਨ੍ਹਾਂ ਦੇ ਆਪਣੇ ਬੰਧਨ ਇਸ ਤਜਰਬੇ ਨਾਲ ਮਜਬੂਤ ਹੁੰਦੇ ਹਨ। ਜਿਵੇਂ ਇਕ ਹੋਰ ਲੈ-ਪਾਲਕ ਮਾਂ ਦਾ ਕਹਿਣਾ ਹੈ "ਇਹ ਸਿਰਫ ਉਹ ਨਹੀਂ ਜੋ ਅਸੀਂ ਉਨ੍ਹਾਂ ਨੂੰ ਦਿੰਦੇ ਹਾਂ ਬਲਕਿ ਉਹ ਹੈ ਜੋ ਉਹ ਸਾਨੂੰ ਦਿੰਦੇ ਹਨ, ਉਸ ਕਰਕੇ ਹੀ ਲੈ-ਪਾਲਕ ਬਣਨਾ ਲਾਭਦਾਇਕ ਬਣਦਾ ਹੈ"।

**ਅਸੀਂ ਤੁਹਾਡੀ ਹਰ ਕਦਮ ਤੇ ਮਦਦ ਕਰਾਂਗੇ।** ਨਾਲ ਨਾਲ ਚੱਲਣ ਵਾਲੀ ਟਰੇਨਿੰਗ,ਸਥਾਨਕ ਮਦਦ ਅਤੇ 24 ਘੰਟੇ ਮਿਲਣ ਵਾਲੀ ਸਹਾਇਤਾ, ਅਸੀਂ ਹਮੇਸ਼ਾਂ ਤੁਹਾਡੇ ਨਾਲ ਰਹਾਂਗੇ। ਇਕ ਲੈ-ਪਾਲਕ ਬਾਪ ਦਾ ਕਹਿਣਾ ਹੈ ਕਿ 'ਹੋਮਜ਼ ਫਾਰ ਕਿਡਜ਼' ਨੇ ਸਾਨੂੰ ਮਹਿਸੂਸ ਕਰਾਇਆ ਕਿ ਅਸੀਂ ਆਪਣਾ ਪਹਿਲਾ ਬੱਚਾ ਲੈਣ ਲਈ ਤਿਆਰ ਹਾਂ। ਅਸੀਂ ਬੱਚਿਆਂ ਦੇ ਰਹਿਣ ਦੇ ਖਰਚੇ ਅਤੇ ਹੋਰ ਜਰੂਰਤਾਂ ਜਿਵੇਂ ਦੰਦਾਂ ਦੀ ਦੇਖ-ਭਾਲ ਜਾਂ ਕਪੜਿਆਂ ਲਈ ਟੈਕਸ-ਰਹਿਤ ਮੁਆਵਜੇ ਦੀ ਰੋਜਾਨਾ ਅਦਾਇਗੀ ਕਰਦੇ ਹਾਂ।

**ਇਕ ਭਵਿੱਖ ਦੇ ਲੈ-ਪਾਲਕ ਬਣੋ।** ਜਦ ਤੁਸੀਂ ਲੈ-ਪਾਲਕ ਬੱਚਿਆਂ ਨੂੰ ਭਾਵੇ ਥੋੜੀ ਦੇਰ ਲਈ ਹੀ ਘਰ ਲਿਆਉਂਦੇ ਹੋ, ਤੁਸੀਂ ਉਨ੍ਹਾਂ ਨੂੰ ਨਿੱਘੇ ਬਿਸਤਰੇ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਦਿੰਦੇ ਹੋ। ਤੁਸੀਂ ਉਨ੍ਹਾਂ ਵਿਚ ਆਤਮ-ਵਿਸ਼ਵਾਸ, ਸਥਿਰਤਾ, ਸਹਾਇਤਾ ਅਤੇ ਸਵੈਭਿਮਾਨ ਦੀ ਨੀਂਹ ਰੱਖਦੇ ਹੋ ਜੋ ਉਨਾਂ ਨੂੰ ਸਾਰੀ ਜਿੰਦਗੀ ਲਈ ਚੰਗਾ ਬਣਾਏਗਾ।ਅਤੇ ਇਹ ਸੂਰਮਤਾਈ ਨਾਲੋਂ ਘੱਟ ਨਹੀਂ।ਹੋਮਜ਼ ਫਾਰ ਕਿਡਜ਼, ਉਨ੍ਹਾਂ ਵਿਲੱਖਣ ਲੋਕਾਂ ਤੇ ਬੱਚਿਆਂ ਨੂੰ ਨਜ਼ਦੀਕ ਲਿਆਉਂਦਾ ਹੈ ਜਿਨ੍ਹਾਂ ਨੂੰ ਲੋੜ ਹੈ।

## ਇਕ ਭਵਿੱਖ ਲੈ-ਪਾਲੋ